
## ਜਮਾਤ -ਅੱਠਵੀਂ

## ਪਾਠ–13 ਧਰਤੀ

## ਸਾਹਿਤ ਰੂਪ–ਕਵਿਤਾ

## ਕਵੀ– ਕੁਲਦੀਪ ਸਿੰਘ




**ਪ੍ਰਸ਼ਨ (ੳ) ਮੈਂ ਸੂਰਜ ਤੋਂ ਹੋਈ ਪੈਦਾ–ਇਸ ਸਤਰ ਦਾ ਕੀ ਭਾਂਵ ਹੈ?**

ਉੱਤਰ–ਇਸ ਸਤਰ ਦਾ ਭਾਵ ਹੈ ਕਿ ਧਰਤੀ ਦਾ ਜਨਮ ਸੂਰਜ ਤੋਂ ਹੋਇਆ ਹੈ।

**ਪ੍ਰਸ਼ਨ (ਅ) ਧਰਤੀ ਉੱਤੇ ਕਿਹੜੀਆਂ–ਕਿਹੜੀਆਂ ਰੁੱਤਾ ਆਉਂਦੀਆਂ ਹਨ?**

ਉੱਤਰ– ਧਰਤੀ ਓੱਤੇ ਗਰਮੀ, ਵਰਖਾ, ਸਰਦੀ ਤੇ ਬਸੰਤ ਚਾਰ ਰੁੱਤਾਂ ਆਉਂਦੀਆਂ ਹਨ।



**ਪ੍ਰਸ਼ਨ (ੲ) ਪਹਿਲਾਂ ਧਰਤੀ ਕਿਹੋ–ਜਿਹੀ ਸੀ?**


ਉੱਤਰ– ਪਹਿਲਾਂ ਧਰਤੀ ਭਖਦੀਆਂ ਗੈਸਾਂ ਦਾ ਇੱਕ ਗੋਲ਼ਾ ਸੀ।

**ਪ੍ਰਸ਼ਨ (ਸ) ਧਰਤੀ ਸੂਰਜ ਦੁਆ਼ਲੇ ਘੁੰਮਣ ਕਾਰਨ ਧਰਤੀ ਉੱਤੇ ਕੀ ਪ੍ਰਭਾਵ ਪੈਂਦਾ ਹੈ?**

ਉੱਤਰ–ਧਰਤੀ ਸੂਰਜ ਦੁਆ਼ਲੇ ਘੁੰਮਣ ਕਾਰਨ ਇਸ ਉੱਤੇ ਵੱਖ–ਵੱਖ ਰੁੱਤਾਂ ਆਉਂਦੀਆਂ ਹਨ।

**ਪ੍ਰਸ਼ਨ (ਹ) ਧਰਤੀ ਦਾ ਆਕਾਰ ਤੇ ਵਾਤਾਵਰਨ ਕਿਹੋ–ਜਿਹਾ ਹੈ?**

ਉੱਤਰ– ਧਰਤੀ ਦਾ ਆਕਾਰ ਅੰਡਾਕਾਰ ਹੈ।ਇਸ ਦਾ ਵਾਤਾਵਰਨ ਕਈ ਗੈਸਾਂ ਦਾ ਮਿਸ਼ਰਨ ਹੈ।



**ਪ੍ਰਸ਼ਨ 2.ਹੇਠ ਲਿਖੀਆਂ ਕਾਵਿ–ਸਤਰਾਂ ਦੇ ਭਾਵ ਅਰਥ ਲਿਖੋ:**

**(ੳ) ਲਾਟੂ ਵਾਂਗੂੰ ਧੁਰੀ ਦੁਆ਼ਲੇ,ਰਹਾਂ ਘੁੰਮਦੀ ਆਪਣੀ ਚਾਲੇ।**
**ਘੁੰਮਣ ਕਾਰਨ ਦਿਨ ਤੇ ਰਾਤ,ਵਾਰੋ–ਵਾਰੀ ਮਾਰਨ ਝਾਤ।**

ਅਰਥ– ਉਪਰੋਕਤ ਸਤਰਾਂ ਦਾ ਭਾਵ ਹੈ ਕਿ ਧਰਤੀ ਆਪਣੀ ਧੁਰੀ ਦੁਆ਼ਲੇ ਘੁੰਮਦੀ ਰਹਿੰਦੀ ਹੈ।ਇਸ ਦੇ ਘੁੰਮਣ ਕਾਰਨ ਦਿਨ ਤੇ ਰਾਤ ਬਣਦੇ ਹਨ।

(ਅ) ਇਹ ਹੈ ਮੇਰੀ ਕਥਾ-ਕਹਾਣੀ,ਮੈਂ ਸੂਰਜ ਦੀ ਬੇਟੀ-ਰਾਣੀ।
ਆਖਣ ਲੋਕੀਂ ਧਰਤੀ-ਮਾਂ,ਮੈਂ ਤਾਂ ਰੈਣ-ਬਸੇਰਾ ਹਾਂ।

**ਅਰਥ-** ਉਪਰੋਕਤ ਸਤਰਾਂ ਦਾ ਭਾਵ ਹੈ ਕਿ ਧਰਤੀ ਦੀ ਇਹ ਕਹਾਣੀ ਹੈ ਕਿ ਇਸ ਦਾ ਜਨਮ ਸੂਰਜ ਤੋਂ ਹੋਇਆ ਹੈ।ਲੋਕ ਇਸ ਨੂੰ ਧਰਤੀ ਮਾਂ ਆਖਦੇ ਹਨ ਪਰ ਇਹ ਇੱਕ ਥੋੜ੍ਹੀ ਦੇਰ ਰਹਿਣ ਦਾ ਟਿਕਾਣਾ ਹੈ।

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਰੈਣ-ਬਸੇਰਾ | : | ਉਹ ਥਾਂ ਜਿੱਥੇ ਮੁਸਾਫ਼ਰ ਰਾਤ ਕੱਟਦੇ ਹਨ |
| ਅਜਬ | : | ਹੈਰਾਨ ਕਰਨ ਵਾਲ਼ਾ, ਅਨੋਖਾ |
| ਵਾਯੂ | : | ਹਵਾ |
| ਧੁਰੀ | : | ਅਰੰਭ, ਮੁੱਢ |
| ਕਾਇਦਾ | : | ਢੰਗ, ਨੇਮ, ਅਸੂਲ, ਰੀਤ, ਦਸਤੂਰ |



## 3. ਹੇਠ ਲ਼ਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:-

1. ਬੇਟੀ - ਹੁਣ ਲੋਕ ਬੇਟੀ ਦੇ ਜਨਮ 'ਤੇ ਵੀ ਖ਼ੁਸ਼ੀ ਮਨਾਉਂਦੇ ਹਨ।
2. ਥਲ - ਧਰਤੀ ਉੱਤੇ ਥਲ ਨਾਲੋਂ ਤਿੰਨ ਗੁਣਾ ਪਾਣੀ ਹੈ।
3. ਰੈਣ-ਬਸੇਰਾ - ਸਰਕਾਰ ਨੇ ਗਰੀਬਾਂ ਲਈ ਕਈ ਰੈਣ-ਬਸੇਰੇ ਬਣਵਾਏ।
4. ਹੋਂਦ - ਮਨੁੱਖ ਦੀ ਹੋਂਦ ਲੱਖਾਂ ਸਾਲ ਪੁਰਾਣੀ ਹੈ।
5. ਅਜਬ - ਧਰਤੀ ਦੇ ਜਨਮ ਦੀ ਕਹਾਣੀ ਬੜੀ ਅਜਬ ਹੈ।
6. ਢੇਰੀ - ਬੱਚਿਆਂ ਨੇ ਸਫ਼ਾਈ ਕਰਕੇ ਕੂੜੇ ਦੀ ਢੇਰੀ ਲਗਾ ਦਿੱਤੀ।
7. ਸ਼ਕਲ - ਹਰਮਨ ਦੀ ਸ਼ਕਲ ਆਪਣੇ ਭਰਾ ਨਾਲ਼ ਮਿਲਦੀ ਹੈ।
8. ਗੈਸ - ਵਾਤਾਵਰਨ ਵਿੱਚ ਕਈ ਗੈਸਾਂ ਹਨ।
9. ਆਖ਼ਰਕਾਰ - ਲੰਮੀ ਬਹਿਸ ਤੋਂ ਬਾਅਦ ਆਖ਼ਰਕਾਰ ਉਹ ਮੇਰੀ ਗੱਲ ਮੰਨ ਗਿਆ।
10. ਲਾਟੂ - ਧਰਤੀ ਲਾਟੂ ਵਾਂਗ ਆਪਣੀ ਧੁਰੀ ਦੁਆਲ਼ੇ ਘੁੰਮਦੀ ਹੈ।
11. ਵਾਯੂ - ਧਰਤੀ ਦੇ ਦੁਆਲੇ ਵਾਯੂ ਦਾ ਘੇਰਾ ਹੈ।




ਪੰਜਾਬ ਸਕੂਲ ਸਿੱਖਿਆ ਵਿਭਾਗ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ ਸਕੂਲ,ਦੇਧਨਾ
99886-43700

ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।